# ਪੰਜਾਬੀ ਭਾਸ਼ਾ ਵਿੱਚ ਕਾਰਕ ਅਤੇ ਕਾਰਕੀ ਸੰਬੰਧ

ਪੇਸ਼ਕਰਤਾ - ਸਤਿੰਦਰ ਕੌਰ ਢਿਲੋਂ
ਪੰਜਾਬੀ ਵਿਭਾਗ

# ਕਾਰਕ ਦੀ ਪਰਿਭਾਸ਼ਾ

- ਕਾਰਕ ਵਿਆਕਰਣ ਦਾ ਮਹੱਤਵਪੂਰਨ ਅੰਗ ਹੈ |
- ਪੰਜਾਬੀ ਵਿੱਚ ਇਸ ਦੀ ਸਥਿਤੀ ਬਾਕੀ ਭਾਸ਼ਾਵਾਂ ਨਾਲੋਂ ਫਰਕ ਹੈ |
- ਵਾਕ ਵਿੱਚ ਨਾਵ ਜਾ ਪੜਨਾਂਵ ਦੇ ਕਾਰਜ ਜਾਂ ਸਥਿਤੀ ਨੂੰ ਕਾਰਕ ਕਿਹਾ ਜਾਂਦਾ ਹੈ |
- ਭਾਸ਼ਾ ਬੋਲਦਿਆਂ ਇਕ ਹੀ ਵਾਕ ਵਿੱਚ ਇਕ ਤੋਂ ਵਧੇਰੇ ਨਾਵਾਂ ਜਾਂ ਪੜਨਾਂਵਆ ਦੀ ਵਰਤੋਂ ਹੁੰਦੀ ਹੈ |

# ਕਾਰਕੀ ਸੰਬੰਧ

- ਜਿਵੇ: ਸੁਰਜੀਤ ਨੇ ਸੋਟੇ ਨਾਲ  ਸੱਪ  ਮਾਰ ਕੇ ਟੋਏ ਵਿੱਚ ਸੁੱਟ ਦਿਤਾ |
- ਇਸ ਵਾਕ ਵਿੱਚ "ਸੁਰਜੀਤ","ਸੋਟਾ","ਸੱਪ","ਟੋਏ", ਚਾਰ ਨਾਂਵ ਵਰਤੇ ਹਨ ਪਰ ਵਾਕ ਵਿੱਚ ਇਹਨਾਂ  ਦੀ ਸਥਿਤੀ  ਅਤੇ ਕਾਰਜ ਇਕੋ ਜਹੇ ਨਹੀਂ|
- ਇਹ ਸਾਰੇ ਵੱਖਰੇ ਵੱਖਰੇ ਵੱਖਰੇ ਭਾਸ਼ਾਈ ਸੰਬੰਧਾਂ ਵਿੱਚ  ਬੱਝੇ ਹੋਏ ਹਨ |
- ਇਹਨਾਂ ਸੰਬੰਧਾਂ ਨੂੰ ਕਾਰਕੀ ਸੰਬੰਧ ਕਿਹਾ ਜਾਂਦਾ ਹੈ |

# ਵਿਆਕਰੰਕਾਰ ਅਨੁਸਾਰ ਕਾਰਕ ਅਤੇ ਕਾਰਕੀ ਸੰਬੰਧ ੮ ਕਿਸਮ ਦੇ ਹੁੰਦੇ ਹਨ |

- ❑ ਕਰਤਾਕਾਰਕ
- ❑ ਕਰਮਕਾਰਕ
- ❑ ਕਰਨਕਾਰਕ
- ❑ ਸੰਪਰਦਾਨਕਾਰਕ
- ❑ ਅਪਾਦਾਨਕਾਰਕ
- ❑ ਸੰਬੰਧਕਾਰਕ
- ❑ ਅਧਿਕਰਨਕਾਰਕ
- ❑ ਸੰਬੋਧਨਕਾਰਕ

# ਕਰਤਾਕਾਰਕ

- ❑ਵਾਕ ਵਿੱਚ ਨਾਂਵ ਦੀ ਜਿਸ ਸਥਿਤੀ ਤੋਂ ਕਾਰਜ ਕਰਨ ਵਾਲੇ ਦਾ ਬੋਧ ਹੁੰਦਾ ਹੈ
- ❑ਵਾਕ ਵਿੱਚ ਜਿਹੜਾ ਨਾਂਵ ਕਰਮ ਕਰਨ ਵਾਲਾ ਹੋਵੇ ਉਹ ਕਰਤਾਕਾਰਕ ਹੁੰਦਾ ਹੈ
- ❑ਜਿਵੇ ਮੁੰਡੇ ਪੜ੍ਹਦੇ ਹਨ

ਅਧਿਆਪਕ ਪੜ੍ਹਾ ਰਹੀ ਹੈ

- ❑ਉਪਰੋਕਤ ਵਾਕਾਂ ਵਿੱਚ "ਮੁੰਡੇ" , "ਅਧਿਆਪਕ" ਕਰਤਾਕਾਰਕ ਹਨ

- ਵਾਕ ਵਿੱਚ ਜਿਸ ਨਾਂਵ ਨਾਲ ਕੋਈ ਸੰਬੰਧਕ ਨਾ ਲੱਗਦਾ ਹੋਵੇ, ਉਹ ਆਮ ਹਾਲਤਾਂ ਵਿੱਚ ਮੁੱਖ ਨਾਂਵ ਵਿੱਚ ਕਰਤਾ ਕਾਰਕ ਹੁੰਦਾ ਹੈ|

# ਕਰਮਕਾਰਕ

- ਜਿਸ ਸ਼ਬਦ ਤੋਂ ਕੰਮ ਦਾ ਬੋਧ ਹੋਵੇ ਜਾਂ ਜਿਸ ਨਾਂਵ ਉੱਤੇ ਕਰਤਾ ਦੀ ਕਿਰਿਆ ਦਾ ਪ੍ਰਭਾਵ ਪਵੇ, ਉਹ ਨਾਂਵ ਕਰਮ ਕਾਰਕ ਵਿੱਚ ਆਉਂਦਾ ਹੈ|
- ਜਿਵੇ:
  ਗੀਤਆ ਕਿਤਾਬ ਪੜ੍ਹਦੀ ਹੈ |
  ਅਧਿਆਪਕ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹੈਂ |
- ਉਪਰੋਕਤ ਵਾਕਾਂ ਵਿੱਚ "ਕਿਤਾਬ", "ਵਿਦਿਆਰਥੀਆਂ", ਕਰਮ ਕਾਰਕ ਦੀ ਸਥਿਤੀ ਵਿੱਚ ਹਨ |

# ਕਰਨਕਾਰਕ

- ਕਿਸੇ ਕਾਰਜ ਦਾ ਸਾਧਨ ਬਣਨ ਵਾਲੀ ਨਾਂਵ ਦੀ ਸਥਿਤੀ ਨੂੰ ਕਰਨ ਕਾਰਕ ਕਿਹਾ ਜਾਂਦਾ ਹੈ |ਭਾਵ ਵਾਕ ਵਿਚ ਜੋ ਨਾਂਵ ਕਰਮ ਦਾ ਸਾਧਨ ਬਣਦਾ ਹੈ ਉਹ ਕਰਨ ਕਾਰਕ ਦੀ ਸਥਿਤੀ ਵਿਚ ਹੁੰਦਾ ਹੈ |
- ਜਿਵੇਂ:

  ਪੇਂਟਰ ਨੇ ਬੁਰੁਸ਼ ਨਾਲ ਤਸਵੀਰ ਬਣਾਈ |

  ਰਾਮ ਨੇ ਪੈਨ ਨਾਲ ਚਿਠੀ ਲਿਖੀ |
- ਉਪਰੋਕਤ ਵਾਕਾਂ ਵਿਚ "ਬੁਰੁਸ਼", "ਪੈਨ", ਕਰਨ ਕਾਰਕ ਦੀ ਸਤਿਥੀ ਵਾਲੇ ਨਾਂਵ ਵਿਚ ਹਨ |

# ਸੰਪਰਦਾਨਕਾਰਕ

- ਨਾਂਵ ਦੀ ਉਹ ਸਤਿਥੀ ਜਿਸ ਵਿੱਚੋ ਕਰਮ ਦਾ ਪ੍ਰਭਾਵ ਹਾਸਲ ਕਰਨ ਵਾਲੀ ਧਿਰ ਉਭਰਦੀ ਹੋਵੇ |
- ਭਾਵ ਵਾਕ ਵਿਚ ਕਿਰਿਆ ਦਾ ਫੱਲ ਕਿਸੇ ਨਾਂਵ ਨੂੰ ਮਿਲਣ ਦਾ ਬੋਧ ਹੋਵੇ, ਉਸ ਨੂੰ ਸੰਪਰਦਾਨ ਕਾਰਕ ਕਹਿੰਦੇ ਹਨ |
- ਜਿਵੇਂ
  ਪੁਲਿਸ ਨੇ ਚੋਰ ਨੂੰ ਸਜ਼ਾ ਦਿੱਤੀ |
  ਸੀਤਾ ਨੇ ਬੱਚੇ ਨੂੰ ਜੂਸ ਪਿਲਾਇਆ |
- ਉਪਰੋਕਤ ਵਾਕਾਂ ਵਿਚ "ਚੋਰ", "ਬੱਚੇ", ਸੰਪਰਦਾਨ ਕਾਰਕ ਦੀ ਸਥਿਤੀ ਵਿਚ ਹਨ |
- ਜਿੰਨਾ ਨਾਵਾਂ ਨਾਲ "ਨੂੰ" ਸੰਬੰਧਕ ਲੱਗਾ ਹੋਵੇ ਉਹ ਸੰਪਰਦਾਨ ਕਾਰਕ ਦੀ ਸਥਿਤੀ ਵਾਲੇ ਨਾਂਵ ਹੁੰਦੇ ਹਨ |

# ਅਪਾਦਾਨਕਾਰਕ

- ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਕੁਛ ਨਾਵਾਂ ਦਾ ਇਕ ਦੂਸਰੇ ਤੋਂ ਅਲੱਗ ਹੋਣ ਦਾ ਬੋਧ ਹੁੰਦਾ ਹੈਂ, ਨਾਂਵ ਦੀ ਇਸ ਸਥਿਤੀ ਨੂੰ ਅਪਾਦਾਨ ਕਾਰਕ ਕਹਿੰਦੇ ਹਨ |
- ਜਿਵੇਂ:

  ਉਹ ਬੱਸੋਂ ਉਤਰਿਆ |

  ਮੇਰੇ ਹੱਥੋਂ ਕਿਤਾਬ ਡਿੱਗੀ |
- ਏਨਾ ਵਾਕਾਂ ਵਿਚ "ਬੱਸੋਂ " ਤੇ "ਹੱਥੋਂ " ਨਾਂਵ ਅਪਾਦਾਨ ਕਾਰਕ ਦੀ ਸਥਿਤੀ ਵਿਚ ਹਨ |

# ਸੰਬੰਧਕਾਰਕ

- ਵਾਕਾਂ ਵਿਚ ਦਾ, ਦੇ, ਦੀ, ਸੰਬੰਧਕਾ ਦੀ ਵਰਤੋਂ ਨਾਂਵ, ਨਾਵਾਂ ਅਤੇ ਪੜਨਾਂਵਾਂ ਦੇ ਸੰਬੰਧਾਂ ਨੂੰ ਪੇਸ਼ ਕਰਦੀ ਹੈ |
- ਵਾਕ ਵਿਚ ਜਿਥੇ ਇਕ ਨਾਂਵ ਤੋਂ ਪਿੱਛੋਂ ਦਾ, ਦੇ, ਦੀ, ਦੀਆਂ, ਸੰਬੰਧਕ ਆ ਕੇ ਕਿਸੇ ਹੋਰ ਨਾਲ ਸੰਬੰਧ ਸਥਾਪਤ ਕਰਨ ਉਸ ਨੂੰ ਸੰਬੰਧ ਕਾਰਕ ਕਿਹਾ ਜਾਂਦਾ ਹੈ |
- ਜਿਵੇਂ :

ਮਨਰਾਜ ਦੀ ਘੜੀ ਬਹੁਤ ਸੁੰਦਰ ਹੈ |

ਮੋਰ ਦੇ ਖੰਬ ਟੁੱਟ ਗਏ |

- ਉਪਰੋਕਤ ਵਾਕਾਂ ਵਿਚ "ਮਾਨਰਜ ਦੀ ਘੜੀ ", " ਮੋਰ ਦੇ ਖੰਬ", ਸੰਬੰਧ ਕਾਰਕ ਦੀ ਸਥਿਤੀ ਵਿਚ ਹਨ |

# ਅਧਿਕਰਨਕਾਰਕ

- ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਕੁਛ ਸਥਿਤੀਆਂ ਵਿਚ ਦੋ ਨਾਵਾਂ ਦੇ ਜੋੜ ਦਾ ਬੋਧ ਹੁੰਦਾ ਹੈ |
- ਅਜਿਹੇ ਬੋਧ ਨੂੰ ਅਧਿਕਾਰਾਂ ਕਾਰਕ ਕਿਹਾ ਜਾਂਦਾ ਹੈ |
- ਜਿਵੇਂ:

  ਟੋਕਰੀ' ਚ ਪਏ ਸੇਬ ਵਧੀਆਂ ਹਨ |

  ਸ਼ਹਿਰੀ  ਵਸਦੇ ਲੋਕ ਮਤਲਬੀ ਹੁੰਦੇ ਹਨ |
- ਉਪਰੋਕਤ ਵਾਕਾਂ ਵਿਚ "ਟੋਕਰੀ' ਚ", "ਸ਼ਹਿਰੀ", ਨਾਂਵ ਅਧਿਕਾਰਾਂ ਕਾਰਕ ਦੀ ਸਤਿਥੀ ਵਿਚ ਹਨ |

# ਸੰਬੋਧਨਕਾਰਕ

- ਵਾਕਾਂ ਵਿਚ ਜਿੰਨਾ ਸ਼ਬਦਾਂ, ਨਾਵਾਂ ਨਾਲ ਸੰਬੋਧਨ ਕੀਤਾ ਜਾਵੇ ਓਹਨਾ ਨੂੰ ਸੰਬੋਧਨ ਕਾਰਕ ਕਿਹਾ ਜਾਂਦਾ ਹੈ |
- ਸੰਬੋਧਨ ਕਾਰਕ ਦਾ ਨਿਰਣਾ ਸੰਬੋਧਨ ਤੱਤਾਂ ਤੋਂ ਹੁੰਦਾ ਹੈ |
- ਜਿਵੇਂ:

  ਬੱਚਿਓ, ਸਦਾ ਸੱਚ ਬੋਲੋ |

  ਓਏ, ਸ਼ੋਰ ਨਾ ਪਾਓ |
- ਉਪਰੋਕਤ ਵਾਕਾਂ ਵਿਚ " ਬੱਚਿਓ" , " ਓਏ", ਸੰਬੋਧਨੀ ਕਾਰਕ ਹਨ |

# ਧੰਨਵਾਦ